# ਫ਼ਲਅ ਨਾਲ ਲੜਨਾ ਤਹਾਡ ਤ ਸ਼ਰ ਹਦਾ ਹ

## ਇਨਫ਼ਲੂਐਂਜ਼ਾ ਵੈਕਸੀਨ ਕਿਸ ਨੂੰ ਲਗਵਾਉਣੀ ਚਾਹੀਦੀ ਹੈ

**ਛੇ ਮਹੀਨੇ ਅਤੇ ਇਸ ਤੋਂ ਵੱਡੀ ਉਮਰ ਦੇ ਹਰੇਕ ਵਿਅਕਤੀ ਨੂੰ ਹਰ ਸਾਲ ਇਨਫ਼ਲੂਐਂਜ਼ਾ (ਫ਼ਲੂਅ) ਵੈਕਸੀਨ ਲਗਵਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਫ਼ਲੂਅ ਵੈਕਸੀਨ ਨਾ ਕੇਵਲ ਤੁਹਾਡੀ ਸੁਰੱਖਿਆ ਕਰਦੀ ਹੈ, ਸਗੋਂ ਇਹ ਤੁਹਾਡੇ ਆਸ-ਪਾਸ ਦੇ ਲੋਕਾਂ ਦੀ ਸੁਰੱਖਿਆ ਕਰਨ ਵਿੱਚ ਵੀ ਮਦਦ ਕਰ ਸਕਦੀ ਹੈ।**

### ਇਨਫ਼ਲਐੈਂਜ਼ਾ ਦਾ ਟੀਕਾਕਰਨ ਕਝ ਕ ਲਕਾ ਵਾਸਤ ਵਿਸ਼ਸ਼ ਕਰਕ ਮਹਤਵਪਰਨ ਹ

ਇਨਫ਼ਲਐੈਂਜ਼ਾ ਤ ਹਣ ਵਾਲੀਆ ਸਮਸਿਆਵਾ ਦ ਸਭ ਤ ਵਧ ਖ਼ਤਰ ਵਾਲ ਲਕਾ ਵਾਸਤ ਰਾਸ਼ਟਰੀ ਟੀਕਾਕਰਨ ਪਗਰਾਮ ਦ ਅਧੀਨ ਫ਼ਲਅ ਵਕਸੀਨ ਲਗਵਾਉਣ ਦੀ ਜ਼ਰਦਾਰ ਸਿਫਾਰਸ਼ ਕੀਤੀ ਜਾਦੀ ਹ ਅਤ ਮੁਫ਼ਤ ਹ, ਜਿਨਾ ਵਿਚ ਸ਼ਾਮਲ ਹਨ:

- **65 ਸਾਲ ਜਾ ਇਸ ਤ ਵਡੀ ਉਮਰ ਦ ਲਕ**
- **ਗਰਭਵਤੀ ਔਰਤਾ (ਗਰਭ-ਅਵਸਥਾ ਦਰਾਨ ਕਿਸ ਵੀ ਪੜਾਅ 'ਤ)**
- **ਆਦਿਵਾਸੀ ਅਤ ਟਰਸ ਸਟਟ ਆਈਲਡਰ ਲਕ ਜਿਨਾ ਦੀ ਉਮਰ 6 ਮਹੀਨ ਜਾ ਇਸ ਤ ਵਧ ਹ**
- **6 ਮਹੀਨਿਆ ਤ ਲ ਕ 5 ਸਾਲ ਤ ਘਟ ਉਮਰ ਦ ਬਚ**
- **6 ਮਹੀਨ ਜਾ ਇਸ ਤ ਵਡੀ ਉਮਰ ਦ ਲਕ ਜਿਨਾ ਨ ਕਝ ਵਿਸ਼ਸ਼ ਬਿਮਾਰੀਆ ਹਨ।**

ਕੁਝ ਰਾਜ ਅਤ ਕਦਰੀ ਪਦਸ਼ ਹਰਨਾ ਸਮਹਾ ਵਾਸਤ ਮੁਫ਼ਤ ਵਕਸੀਨਾ ਦੀ ਪਸ਼ਕਸ਼ ਕਰ ਸਕਦ ਹਨ। ਇਹ ਪਤਾ ਕਰਨ ਲਈ ਆਪਣ ਟੀਕਾਕਰਨ ਪਦਾਤ ਦ ਨਾਲ ਗਲ ਕਰ ਜਾ ਆਪਣ ਰਾਜ ਜਾ ਕਦਰੀ ਪਦਸ਼ ਦ ਸਿਹਤ ਵਿਭਾਗ ਦੀ ਵਬਸਾਈਟ ਵਖ।

ਜ ਤੁਸੀ ਕਿਸ ਮੁਫ਼ਤ ਵਕਸੀਨ ਵਾਸਤ ਯਗ ਨਹੀ ਹ, ਤਾ ਤੁਸੀ ਵਕਸੀਨ ਖ਼ਰੀਦ ਸਕਦੇ ਹੋ। ਇਹ ਪਤਾ ਕਰਨ ਲਈ ਸਥਾਨਕ ਟੀਕਾਕਰਨ ਪਦਾਤਿਆ ਨਾਲ ਗਲ ਕਰ ਕਿ ਇਸ ਦੀ ਲਾਗਤ ਕਿਨੀ ਕੁ ਹਵਗੀ।

## ਇਨਫ਼ਲੂਐਂਜ਼ਾ ਬਾਰੇ

ਇਨਫ਼ਲੂਐਂਜ਼ਾ ਆਮ ਵਾਇਰਸ ਦੀ ਲਾਗ ਹੈ ਜੋ ਸਾਰੀਆਂ ਉਮਰਾਂ ਦੇ ਲੋਕਾਂ ਨੂੰ ਪ੍ਰਭਾਵਤ ਕਰਦੀ ਹੈ।

ਹਾਲਾਂਕਿ ਇਹ ਕੁਝ ਲੋਕਾਂ ਵਾਸਤੇ ਹਲਕੀ ਜਿਹੀ ਬਿਮਾਰੀ ਹੋ ਸਕਦੀ ਹੈ, ਪਰ ਇਹ ਹੋਰ ਸਿਹਤਮੰਦ ਲੋਕਾਂ ਵਿੱਚ ਬਹੁਤ ਗੰਭੀਰ ਬਿਮਾਰੀ ਦਾ ਕਾਰਨ ਵੀ ਬਣ ਸਕਦੀ ਹੈ। ਇਹ ਹਸਪਤਾਲ ਵਿੱਚ ਭਰਤੀ ਹੋਣ ਦਾ ਕਾਰਨ ਬਣ ਸਕਦਾ ਹੈ ਅਤੇ ਮੌਤ ਦਾ ਕਾਰਨ ਬਣ ਸਕਦਾ ਹੈ।

ਟੀਕਾਕਰਨ ਆਪਣੇ-ਆਪ ਨੂੰ ਅਤੇ ਹੋਰਨਾਂ ਨੂੰ ਇਨਫ਼ਲੂਐਂਜ਼ਾ ਤੋਂ ਬਚਾਉਣ ਦਾ ਸਭ ਤੋਂ ਸੁਰੱਖਿਅਤ ਤਰੀਕਾ ਹੈ।

## ਇਨਫ਼ਲੂਐਂਜ਼ਾ ਵੈਕਸੀਨ ਬਾਰੇ

ਇਨਫ਼ਲੂਐਂਜ਼ਾ ਵੈਕਸੀਨਾਂ ਨੂੰ ਹਰ ਸਾਲ ਵਾਇਰਸ ਦੀਆਂ ਸਭ ਤੋਂ ਵੱਧ ਆਮ ਕਿਸਮਾਂ ਤੋਂ ਸੁਰੱਖਿਆ ਕਰਨ ਲਈ ਲਗਾਇਆ ਜਾਂਦਾ ਹੈ।

ਵਾਇਰਸ ਦੀਆਂ ਕਿਸਮਾਂ ਸਾਲ ਦਰ ਸਾਲ ਬਦਲ ਸਕਦੀਆਂ ਹਨ, ਇਸ ਲਈ ਵੈਕਸੀਨਾਂ ਨੂੰ ਇਕ ਮੌਸਮ ਤੋਂ ਅਗਲੇ ਮੌਸਮ ਤੱਕ ਨਵਿਆਇਆ ਜਾ ਸਕਦਾ ਹੈ, ਇਸ ਲਈ ਹਰ ਸਾਲ ਵੈਕਸੀਨ ਲਗਵਾਉਣਾ ਮਹੱਤਵਪੂਰਨ ਹੈ।

ਵਰਤੀ ਜਾਣ ਵੈਕਸੀਨ ਤੁਹਾਡੀ ਉਮਰ 'ਤੇ ਨਿਰਭਰ ਕਰੇਗੀ। ਤੁਹਾਡਾ ਟੀਕਾਕਰਨ ਪ੍ਰਦਾਤਾ ਤੁਹਾਨੂੰ ਦੱਸ ਸਕਦਾ ਹੈ ਕਿ ਉਹ ਤੁਹਾਡੇ ਜਾਂ ਤੁਹਾਡੇ ਬੱਚੇ ਦੇ ਟੀਕਾਕਰਨ ਵਾਸਤੇ ਕਿਹੜੀ ਵੈਕਸੀਨ ਦੀ ਵਰਤੋਂ ਕਰਨਗੇ।

ਰਾਸ਼ਟਰੀ ਟੀਕਾਕਰਨ ਪ੍ਰੋਗਰਾਮ ਵੱਲੋਂ ਮਾਲੀ ਸਹਾਇਤਾ ਪ੍ਰਾਪਤ ਸਾਰੀਆਂ ਵੈਕਸੀਨਾਂ ਜੋ ਵਰਤੋਂ ਵਾਸਤੇ ਉਪਲਬਧ ਹਨ, ਉਹ ਕੁਆਡਰੀਵੇਲੈਂਟ (ਚਾਰ ਕਿਸਮਾਂ – ਦੋ ਇਨਫ਼ਲੂਐਂਜ਼ਾ ਏ ਅਤੇ ਦੋ ਇਨਫ਼ਲੂਐਂਜ਼ਾ ਬੀ) ਹੁੰਦੀਆਂ ਹਨ। ਉਹ ਲੇਟੈਕਸ (ਰੁੱਖਾਂ ਦੇ ਦੁੱਧ) ਤੋਂ ਮੁਕਤ ਹੁੰਦੀਆਂ ਹਨ।

## ਇਨਫ਼ਲੂਐਂਜ਼ਾ ਵੈਕਸੀਨ ਦੀ ਸੁਰੱਖਿਆ

ਇਨਫ਼ਲੂਐਂਜ਼ਾ ਦੀ ਵੈਕਸੀਨ ਲਗਭਗ ਕਈ ਦਹਾਕਿਆਂ ਤੋਂ ਚੱਲੀ ਆ ਰਹੀ ਹੈ ਅਤੇ ਇਸ ਦਾ ਇਕ ਸ਼ਾਨਦਾਰ ਸੁਰੱਖਿਆ ਰਿਕਾਰਡ ਹੈ। ਇਨਫ਼ਲੂਐਂਜ਼ਾ ਵੈਕਸੀਨ ਤੋਂ ਹੋਣ ਵਾਲੇ ਆਮ ਮਾੜੇ ਅਸਰਾਂ ਵਿੱਚ ਸ਼ਾਮਲ ਹਨ ਹਲਕੀ ਪੀੜ, ਲਾਲੀ ਜਾਂ ਸੋਜ ਜਿੱਥੇ ਟੀਕਾ ਲਗਾਇਆ ਜਾਂਦਾ ਹੈ। ਇਹ ਅਣਚਾਹੇ ਅਸਰ ਆਮ ਤੌਰ 'ਤੇ ਕੁਝ ਕੁ ਦਿਨਾਂ ਤੱਕ ਰਹਿੰਦੇ ਹਨ ਅਤੇ ਬਿਨਾਂ ਕਿਸੇ ਇਲਾਜ ਦੇ ਹੱਟ ਜਾਂਦੇ ਹਨ।

ਹਾਲਾਂਕਿ ਕੁਝ ਕੁ ਪ੍ਰਭਾਵ ਇਨਫ਼ਲੂਐਂਜ਼ਾ ਵਰਗੇ ਲੱਗ ਸਕਦੇ ਹਨ, ਪਰ ਆਸਟ੍ਰੇਲੀਆ ਵਿੱਚ ਉਪਲਬਧ ਇਨਫ਼ਲੂਐਂਜ਼ਾ ਵੈਕਸੀਨਾਂ ਵਿੱਚੋਂ ਕਿਸੇ ਵਿੱਚ ਵੀ ਜੀਵਤ ਇਨਫ਼ਲੂਐਂਜ਼ਾ ਵਾਇਰਸ ਨਹੀਂ ਹੁੰਦੇ, ਇਸ ਕਰਕੇ ਇਹ ਇਨਫ਼ਲੂਐਂਜ਼ਾ ਦਾ ਕਾਰਨ ਨਹੀਂ ਬਣ ਸਕਦੀਆਂ ਹਨ।

ਆਂਡੇ ਤੋਂ ਐਲਰਜੀ ਵਾਲੇ ਲੋਕ (ਜਿਸ ਵਿੱਚ ਐਨਾਫਾਈਲੈਕਸਿਸ ਦਾ ਇਤਿਹਾਸ ਵੀ ਸ਼ਾਮਲ ਹੈ) ਸੁਰੱਖਿਅਤ ਤਰੀਕੇ ਨਾਲ NIP ਫ਼ਲੂਅ ਵੈਕਸੀਨਾਂ ਲਗਵਾ ਸਕਦੇ ਹਨ। ਜੇ ਤੁਹਾਨੂੰ ਆਂਡੇ ਤੋਂ ਐਲਰਜੀ ਹੈ, ਤਾਂ ਕਿਰਪਾ ਕਰਕੇ ਇਸ ਬਾਰੇ ਆਪਣੇ ਟੀਕਾਕਰਨ ਪ੍ਰਦਾਤੇ ਦੇ ਨਾਲ ਵਿਚਾਰ-ਵਟਾਂਦਰਾ ਕਰੋ।

ਗੰਭੀਰ ਅਣਚਾਹੇ ਅਸਰ, ਜਿਵੇਂ ਕਿ ਕੋਈ ਤੀਬਰ ਐਲਰਜੀ ਵਾਲੀ ਪ੍ਰਤੀਕਿਰਿਆ ਬੇਹੱਦ ਦੁਰਲੱਭ ਹੈ।

## ਆਪਣੀ ਇਨਫ਼ਲੂਐਂਜ਼ਾ ਵੈਕਸੀਨ ਕਦੋਂ ਲਗਵਾਉਣੀ ਹੈ

ਇਨਫ਼ਲੂਐਂਜ਼ਾ ਦੇ ਮੌਸਮ ਤੋਂ ਪਹਿਲਾਂ ਸੁਰੱਖਿਆ ਕੀਤੇ ਜਾਣ ਲਈ, ਜੋ ਆਸਟ੍ਰੇਲੀਆ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਆਮ ਤੌਰ 'ਤੇ ਜੂਨ ਤੋਂ ਸਤੰਬਰ ਤੱਕ ਹੁੰਦਾ ਹੈ, ਤੁਹਾਨੂੰ ਹਰ ਸਾਲ ਅਪ੍ਰੈਲ ਦੇ ਅੱਧ ਤੋਂ ਬਾਅਦ ਟੀਕਾਕਰਨ ਕਰਵਾਉਣਾ ਚਾਹੀਦਾ ਹੈ। ਪਰ ਫਿਰ ਵੀ, ਟੀਕਾਕਰਨ ਕਰਵਾਉਣ ਵਿੱਚ ਕਦੇ ਵੀ ਬਹੁਤੀ ਦੇਰ ਨਹੀਂ ਹੁੰਦੀ ਕਿਉਂਕਿ ਇਨਫਲੂਐਂਜ਼ਾ ਸਾਰਾ ਸਾਲ ਫ਼ੈਲ ਸਕਦਾ ਹੈ।

ਜੇ ਤੁਸੀਂ ਪਿਛਲੇ ਮੌਸਮ ਵਾਲੀ ਫ਼ਲੂਅ ਵੈਕਸੀਨ ਪਿਛਲੇ ਸਾਲ ਦੇ ਅੰਤ ਵਿੱਚ ਜਾਂ ਇਸ ਸਾਲ ਦੇ ਸ਼ੁਰੂ ਵਿੱਚ ਲਗਵਾਈ ਸੀ, ਤਾਂ ਤੁਹਾਨੂੰ ਅਜੇ ਵੀ ਇਸ ਸਾਲ ਨਵੇਂ ਮੌਸਮ ਵਾਲੀ ਵੈਕਸੀਨ ਲਗਵਾਉਣੀ ਚਾਹੀਦੀ ਹੈ ਜਦੋਂ ਇਹ ਉਪਲਬਧ ਹੋ ਜਾਂਦੀ ਹੈ।

ਇਨਫ਼ਲੂਐਂਜ਼ਾ ਵੈਕਸੀਨਾਂ ਨੂੰ COVID-19 ਵੈਕਸੀਨਾਂ ਅਤੇ ਜ਼ਿਆਦਾਤਰ ਹੋਰ ਵੈਕਸੀਨਾਂ ਨਾਲ ਉਸੇ ਦਿਨ ਲਗਾਇਆ ਜਾ ਸਕਦਾ ਹੈ।

## ਆਪਣੀ ਇਨਫ਼ਲਐਜ਼ਾ ਵਕਸੀਨ ਕਿਥ ਲਗਵਾਉਣੀ ਹ

ਤੁਸੀ ਕਈ ਤਰਾ ਦੀਆ ਸਿਹਤ ਸਵਾਵਾ ਵਿਚ ਵਕਸੀਨ ਵਾਸਤ ਮੁਲਾਕਾਤ ਬੁਕ ਕਰ ਸਕਦ ਹ ਜਿਨਾ ਵਿਚ ਸ਼ਾਮਲ ਹਨ:

- **ਸਥਾਨਕ ਡਾਕਟਰ/ਆਮ ਕਲੀਨਿਕ**
- **ਸਥਾਨਕ ਕਸਲ ਦ ਟੀਕਾਕਰਨ ਕਲੀਨਿਕ (ਜ ਕਝ ਰਾਜਾ ਅਤ ਕਦਰੀ ਪਦਸ਼ਾ ਵਿਚ ਉਪਲਬਧ ਹਨ)**
- **ਭਾਈਚਾਰਕ ਸਿਹਤ ਕਦਰ**
- **ਆਦਿਵਾਸੀ ਸਿਹਤ ਸਵਾਵਾ**
- **ਹਿਸਾ ਲਣ ਵਾਲੀਆ ਫਾਰਮਸੀਆ।**

ਇਹਨਾ ਟੀਕਾਕਰਨ ਪਦਾਤਿਆ ਵਿਚ ਸਾਰਿਆ ਕਲ ਮੁਫ਼ਤ ਰਾਸ਼ਟਰੀ ਟੀਕਾਕਰਨ ਪਗਰਾਮ ਵਾਲੀਆ ਵਕਸੀਨਾ ਨਹੀ ਹਣਗੀਆ। ਇਹ ਪਤਾ ਕਰਨ ਲਈ ਆਪਣ ਤਰਜੀਹੀ ਟੀਕਾਕਰਨ ਪਦਾਤ ਕਲ ਪਤਾ ਕਰ:

- **ਉਹਨਾ ਵਿਸ਼ਸ਼ ਵਕਸੀਨਾ ਬਾਰ ਜ ਉਹ ਲਗਾ ਸਕਦ ਹਨ**
- **ਉਹ ਕਦ ਉਪਲਬਧ ਹਣਗੀਆ; ਅਤ**
- **ਤਸੀ ਵਕਸੀਨ ਲਗਵਾਉਣ ਲਈ ਮਲਾਕਾਤ ਕਦ ਬਕ ਕਰ ਸਕਦ ਹ**
- **ਜ ਮਫ਼ਤ ਵਕਸੀਨਾ ਲਗਵਾਉਣ ਲਈ ਕਈ ਸਲਾਹ-ਮਸ਼ਵਰਾ ਜਾ ਪਸ਼ਾਸ਼ਕੀ ਫ਼ੀਸ ਹ।**

## 5 ਸਾਲ ਤੋਂ ਘੱਟ ਉਮਰ ਦੇ ਬੱਚੇ

5 ਸਾਲ ਤੋਂ ਘੱਟ ਉਮਰ ਦੇ ਛੋਟੇ ਬਾਲਾਂ ਅਤੇ ਬੱਚਿਆਂ ਵਿੱਚ ਇਨਫ਼ਲੂਐਂਜ਼ਾ ਕਰਕੇ ਸਮੱਸਿਆਵਾਂ ਅਤੇ ਹਸਪਤਾਲ ਵਿੱਚ ਭਰਤੀ ਹੋਣ ਦਾ ਖ਼ਤਰਾ ਵਧੇਰੇ ਹੁੰਦਾ ਹੈ। ਇੱਥੋਂ ਤੱਕ ਕਿ ਸਿਹਤਮੰਦ ਬੱਚੇ ਵੀ ਇਨਫ਼ਲੂਐਂਜ਼ਾ ਤੋਂ ਬਹੁਤ ਜ਼ਿਆਦਾ ਬਿਮਾਰ ਹੋ ਸਕਦੇ ਹਨ।

ਤੁਹਾਡਾ ਬੱਚਾ ਇਨਫ਼ਲੂਐਂਜ਼ਾ ਵੈਕਸੀਨ ਵੱਖਰੇ ਤੌਰ 'ਤੇ ਜਾਂ ਉਸੇ ਮੁਲਾਕਾਤ ਦੇ ਮੌਕੇ ਲਗਵਾ ਸਕਦਾ ਹੈ ਜਦੋਂ ਉਹ ਆਪਣੇ ਹੋਰ ਬਕਾਇਦਾ ਟੀਕਾਕਰਨ ਕਰਵਾਉਂਦੇ ਹਨ।

ਪਹਿਲੀ ਵਾਰ ਇਨਫ਼ਲੂਐਂਜ਼ਾ ਵੈਕਸੀਨ ਲਗਵਾ ਰਹੇ 9 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ 4 ਹਫ਼ਤਿਆਂ ਦੇ ਵਕਫ਼ੇ ਤੋਂ ਬਾਅਦ, 2 ਖ਼ੁਰਾਕਾਂ ਦੀ ਲੋੜ ਹੁੰਦੀ ਹੈ। ਇਹ ਵੈਕਸੀਨ ਦੀਆਂ ਸਾਰੀਆਂ ਕਿਸਮਾਂ ਪ੍ਰਤੀ ਪ੍ਰਤੀਰੋਧਕ ਪ੍ਰਤੀਕਿਰਿਆ ਨੂੰ ਮਜ਼ਬੂਤ ਕਰਦਾ ਹੈ।

## 65 ਸਾਲ ਜਾਂ ਇਸ ਤੋਂ ਵੱਡੀ ਉਮਰ ਦੇ ਲੋਕ

ਟੀਕਾਕਰਨ ਵਿਸ਼ੇਸ਼ ਕਰਕੇ 65 ਸਾਲ ਅਤੇ ਇਸ ਤੋਂ ਵੱਡੀ ਉਮਰ ਦੇ ਲੋਕਾਂ ਵਾਸਤੇ ਮਹੱਤਵਪੂਰਨ ਹੈ ਕਿਉਂਕਿ ਉਹਨਾਂ ਨੂੰ ਇਨਫ਼ਲੂਐਂਜ਼ਾ ਤੋਂ ਹੋਣ ਵਾਲੀਆਂ ਸਮੱਸਿਆਵਾਂ ਦਾ ਵਧੇਰੇ ਖ਼ਤਰਾ ਹੁੰਦਾ ਹੈ।

65 ਸਾਲ ਅਤੇ ਇਸ ਤੋਂ ਵੱਡੀ ਉਮਰ ਦੇ ਸਾਰੇ ਬਾਲਗ ਮੁਫ਼ਤ ਇਨਫ਼ਲੂਐਂਜ਼ਾ ਵੈਕਸੀਨ ਵਾਸਤੇ ਯੋਗ ਹਨ ਜਿਸ ਨੂੰ ਬੇਹਤਰ ਸੁਰੱਖਿਆ ਵਾਸਤੇ ਪ੍ਰਤੀਰੋਧਤਾ ਪ੍ਰਤੀਕਿਰਿਆ ਵਿੱਚ ਵਾਧਾ ਕਰਨ ਲਈ ਵਿਸ਼ੇਸ਼ ਤੌਰ 'ਤੇ ਬਣਾਇਆ ਗਿਆ ਹੈ।

## ਆਸਟ੍ਰੇਲੀਆ ਦਾ ਟੀਕਾਕਰਨ ਰਜਿਸਟਰ

ਤੁਹਾਡੇ ਟੀਕਾਕਰਨ ਪ੍ਰਦਾਤੇ ਨੂੰ ਸਾਰੇ ਇਨਫਲੂਐਂਜ਼ਾ ਟੀਕਿਆਂ ਦੀ ਰਿਪੋਰਟ ਰਜਿਸਟਰ ਨੂੰ ਕਰਨ ਦੀ ਲੋੜ ਹੁੰਦੀ ਹੈ। ਇਸ ਵਿੱਚ ਕੁਝ ਨਿੱਜੀ ਜਾਣਕਾਰੀ ਸ਼ਾਮਲ ਹੁੰਦੀ ਹੈ ਜਿਵੇਂ ਕਿ ਤੁਹਾਡਾ ਨਾਮ, ਜਨਮ ਤਰੀਕ, ਸੰਪਰਕ ਦੇ ਵੇਰਵੇ, ਅਤੇ ਤੁਹਾਡਾ ਮੈਡੀਕੇਅਰ ਕਾਰਡ ਨੰਬਰ।

## ਆਦਿਵਾਸੀ ਅਤੇ ਟੋਰੈੱਸ ਸਟ੍ਰੇਟ ਆਈਲੈਂਡ ਦੇ ਲੋਕ

ਆਦਿਵਾਸੀ ਅਤੇ ਟੋਰੈੱਸ ਸਟ੍ਰੇਟ ਆਈਲੈਂਡ ਦੇ ਲੋਕਾਂ ਨੂੰ ਇਨਫ਼ਲੂਐਂਜ਼ਾ ਤੋਂ ਬਹੁਤ ਜ਼ਿਆਦਾ ਬਿਮਾਰ ਹੋਣ ਅਤੇ ਹਸਪਤਾਲ ਜਾਣ ਦਾ ਖ਼ਤਰਾ ਵਧੇਰੇ ਹੁੰਦਾ ਹੈ।

ਤੁਹਾਡੇ ਭਾਈਚਾਰੇ ਦੀ ਸੁਰੱਖਿਆ ਵਾਸਤੇ, 6 ਮਹੀਨਿਆਂ ਜਾਂ ਇਸ ਤੋਂ ਵੱਡੀ ਉਮਰ ਦੇ ਹਰ ਵਿਅਕਤੀ ਨੂੰ ਹਰ ਸਾਲ ਇਨਫ਼ਲੂਐਂਜ਼ਾ ਵੈਕਸੀਨ ਮੁਫ਼ਤ ਵਿੱਚ ਮਿਲ ਸਕਦੀ ਹੈ।

## ਗਰਭਵਤੀ ਔਰਤਾਂ

ਇਨਫ਼ਲੂਐਂਜ਼ਾ ਗਰਭਵਤੀ ਔਰਤਾਂ ਅਤੇ ਉਹਨਾਂ ਦੇ ਬੱਚਿਆਂ ਵਾਸਤੇ ਇਕ ਗੰਭੀਰ ਬਿਮਾਰੀ ਹੈ। ਇਨਫ਼ਲੂਐਂਜ਼ਾ ਵੈਕਸੀਨ ਦੀ ਸਿਫਾਰਸ਼ ਕੀਤੀ ਜਾਂਦੀ ਹੈ, ਹਰ ਗਰਭਵਤੀ ਵਾਸਤੇ ਸੁਰੱਖਿਅਤ ਅਤੇ ਮੁਫ਼ਤ ਹੁੰਦੀ ਹੈ ਅਤੇ ਇਸ ਨੂੰ ਗਰਭ-ਅਵਸਥਾ ਦੇ ਦੌਰਾਨ ਕਿਸੇ ਵੀ ਪੜਾਅ 'ਤੇ ਲਗਾਈ ਜਾ ਸਕਦੀ ਹੈ। ਛਾਤੀ ਦਾ ਦੁੱਧ ਚੁੰਘਾਉਣ ਵੇਲੇ ਵੀ ਇਸ ਨੂੰ ਸੁਰੱਖਿਅਤ ਤਰੀਕੇ ਨਾਲ ਲਗਾਇਆ ਜਾ ਸਕਦਾ ਹੈ।

ਗਰਭ-ਅਵਸਥਾ ਦੌਰਾਨ ਪ੍ਰਤੀਰੋਧਤਾ, ਦਿਲ ਅਤੇ ਫੇਫੜਿਆਂ ਦੇ ਕੰਮਾਂ ਵਿੱਚ ਹੋਣ ਵਾਲੀਆਂ ਤਬਦੀਲੀਆਂ ਗਰਭਵਤੀ ਔਰਤਾਂ ਨੂੰ ਗੰਭੀਰ ਬਿਮਾਰੀ ਅਤੇ ਇਨਫ਼ਲੂਐਂਜ਼ਾ ਤੋਂ ਹੋਣ ਵਾਲੀਆਂ ਸਮੱਸਿਆਵਾਂ ਪ੍ਰਤੀ ਵਧੇਰੇ ਨਿਤਾਣਾ ਬਣਾ ਦਿੰਦੀਆਂ ਹਨ।

ਗਰਭ-ਅਵਸਥਾ ਵਿੱਚ ਟੀਕਾਕਰਨ ਕਰਵਾਉਣ ਦੁਆਰਾ, ਤੁਸੀਂ ਔਲ (ਪਲੇਸੈਂਟਾ) ਰਾਹੀਂ ਆਪਣੇ ਬੱਚੇ ਨੂੰ ਰੱਖਿਆਤਮਕ ਐਂਟੀਬਾਡੀਆਂ ਦਿੰਦੇ ਹੋ। ਇਹ ਉਨ੍ਹਾਂ ਦੇ ਪਹਿਲੇ ਕੁਝ ਮਹੀਨਿਆਂ ਵਿੱਚ ਉਨ੍ਹਾਂ ਦੀ ਸੁਰੱਖਿਆ ਕਰਦਾ ਹੈ ਜਦੋਂ ਉਹ ਸਭ ਤੋਂ ਵੱਧ ਕਮਜ਼ੋਰ ਹੁੰਦੇ ਹਨ ਅਤੇ ਟੀਕਾ ਲਗਵਾਉਣ ਲਈ ਬਹੁਤ ਛੋਟੇ ਹੁੰਦੇ ਹਨ।

ਗਰਭਵਤੀਆਂ ਔਰਤਾਂ ਜਿੰਨ੍ਹਾਂ ਨੇ ਆਪਣੀ ਗਰਭ-ਅਵਸਥਾ ਦੇ ਸ਼ੁਰੂ ਵਿੱਚ ਹੀ ਪਿਛਲੇ ਸਾਲ ਵਾਲੀ ਇਨਫ਼ਲੂਐਂਜ਼ਾ ਵੈਕਸੀਨ ਲਗਵਾਈ ਸੀ, ਉਹਨਾਂ ਨੂੰ ਸਿਫਾਰਸ਼ ਕੀਤੀ ਜਾਂਦੀ ਹੈ ਕਿ ਉਹ ਵਰਤਮਾਨ ਇਨਫ਼ਲੂਐਂਜ਼ਾ ਵੈਕਸੀਨ ਲਗਵਾਉਣ ਜੇਕਰ ਇਹ ਉਹਨਾਂ ਦੇ ਬੱਚੇ ਦੇ ਜਨਮ ਤੋਂ ਪਹਿਲਾਂ ਉਪਲਬਧ ਹੈ।

ਜੇ ਤੁਸੀਂ ਗਰਭਵਤੀ ਹੋਣ ਤੋਂ ਪਹਿਲਾਂ ਵੈਕਸੀਨ ਲਗਵਾਈ ਸੀ, ਤਾਂ ਤੁਹਾਡੇ ਅਣਜੰਮੇ ਬੱਚੇ ਦੀ ਰੱਖਿਆ ਕਰਨ ਲਈ ਗਰਭ-ਅਵਸਥਾ ਦੌਰਾਨ ਤੁਹਾਡਾ ਦੁਬਾਰਾ ਟੀਕਾਕਰਨ ਕੀਤਾ ਜਾਣਾ ਚਾਹੀਦਾ ਹੈ।

ਇਨਫ਼ਲੂਐਂਜ਼ਾ ਟੀਕਾਕਰਨ ਨੂੰ ਉਸੇ ਸਮੇਂ ਲਗਾਇਆ ਜਾ ਸਕਦਾ ਹੈ ਜਦੋਂ ਪਰਟੂਸਿਸ ਵੈਕਸੀਨ ਅਤੇ/ਜਾਂ COVID-19 ਵੈਕਸੀਨ ਲਗਾਈ ਜਾਂਦੀ ਹੈ।

## ਕੁਝ ਵਿਸ਼ੇਸ਼ ਬਿਮਾਰੀਆਂ ਵਾਲੇ ਲੋਕ

ਇਨਫ਼ਲੂਐਂਜ਼ਾ ਵੈਕਸੀਨ 6 ਮਹੀਨੇ ਅਤੇ ਇਸ ਤੋਂ ਵੱਡੀ ਉਮਰ ਦੇ ਲੋਕਾਂ ਵਾਸਤੇ ਹੇਠ ਲਿਖੀਆਂ ਸਮੱਸਿਆਵਾਂ ਵਾਲੇ ਲੋਕਾਂ ਵਾਸਤੇ ਮੁਫ਼ਤ ਹੈ ਜੋ ਉਹਨਾਂ ਨੂੰ ਗੰਭੀਰ ਇਨਫ਼ਲੂਐਂਜ਼ਾ ਅਤੇ ਇਸ ਦੀਆਂ ਸਮੱਸਿਆਵਾਂ ਵਾਲੇ ਵਧੇਰੇ ਖ਼ਤਰੇ ਵਿੱਚ ਪਾ ਦਿੰਦੀਆਂ ਹਨ:

- **ਦਿਲ ਦੀ ਬਿਮਾਰੀ**
- **ਸਾਹ-ਪ੍ਰਣਾਲੀ ਦੀਆਂ ਲੰਮੇ ਸਮੇਂ ਦੀਆਂ ਸਮੱਸਿਆਵਾਂ**
- **ਲੰਮੇ ਸਮੇਂ ਦੀਆਂ ਨਿਊਰੋਲੋਜੀਕਲ (ਤੰਤੂ-ਵਿਗਿਆਨਕ) ਸਮੱਸਿਆਵਾਂ**
- **ਕਮਜ਼ੋਰ ਪ੍ਰਤੀਰੋਧਤਾ ਪ੍ਰਣਾਲੀ ਵਾਲੀਆਂ ਸਮੱਸਿਆਵਾਂ**
- **ਸ਼ੂਗਰ ਰੋਗ (ਡਾਇਬਿਟੀਜ਼) ਅਤੇ ਸੈੱਲਾਂ ਦੇ ਬਣਨ-ਢਹਿਣ ਦੀ ਕਿਰਿਆ (ਮੈਟਾਬੋਲਿਕ) ਸਬੰਧੀ ਹੋਰ ਵਿਕਾਰ**
- **ਗੁਰਦੇ ਸੰਬੰਧੀ ਬਿਮਾਰੀ**
- **ਲਹੂ ਸੰਬੰਧੀ ਵਿਕਾਰ**
- **ਛੇ ਮਹੀਨਿਆਂ ਤੋਂ ਲੈ ਕੇ 10 ਸਾਲਾਂ ਦੀ ਉਮਰ ਦੇ ਲੰਬੀ ਮਿਆਦ ਦਾ ਐਸਪਰੀਨ ਇਲਾਜ ਕਰਵਾਉਣ ਵਾਲੇ ਬੱਚੇ।**

ਆਪਣੇ ਡਾਕਟਰੀ ਇਤਿਹਾਸ ਬਾਰੇ ਆਪਣੇ ਟੀਕਾਕਰਨ ਪ੍ਰਦਾਤੇ ਦੇ ਨਾਲ ਗੱਲ ਕਰੋ ਅਤੇ ਪੁੱਛੋ ਕਿ ਕੀ ਤੁਹਾਨੂੰ ਖ਼ਤਰਾ ਤਾਂ ਨਹੀਂ ਹੈ।

FLU

**ਅੱਜ ਹੀ ਫ਼ਲੂਅ ਵੈਕਸੀਨ ਬਾਰੇ ਪੁੱਛੋ**

**health.gov.au/flu**

Australian Government
Department of Health and Aged Care

National Immunisation Program
A joint Australian, State and Territory Government Initiative

ਫ਼ਰਵਰੀ 2023 ਤੱਕ ਇਸ ਤੱਥ ਸ਼ੀਟ ਵਿਚਲੀ ਸਾਰੀ ਜਾਣਕਾਰੀ ਸਹੀ ਹੈ।